# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ. ਨੰ 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ 0172-5015864, 5015865, ਫੈਕਸ: 0172-2624687

**ਯਾਦ ਪੱਤਰ ਨੰ 2**

ਵੱਲ

ਸਮੂਹ ਹਾਈ/ਸੀਨੀਅਰ ਸੈਕੰਡਰੀ ਸਕੂਲ ਮੁਖੀ ਸਾਹਿਬਾਨ
ਪੰਜਾਬ। (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2013/ 3582
ਮਿਤੀ, ਚੰਡੀਗੜ੍ਹ : 19/2/13

**ਵਿਸ਼ਾ: ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਅੰਦਰ ਸਕੂਲ ਮੈਗਜ਼ੀਨ ਕੱਢਣ ਸਬੰਧੀ।**

**ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ./ਮੀਡੀਆ/2012/88247 ਮਿਤੀ 05.11.2012, ਪੱਤਰ ਨੰ ਏ.ਐਸ.ਪੀ.ਡੀ./ਮੀਡੀਆ/2012/89546 ਮਿਤੀ 29.11.2012 ਅਤੇ ਪੱਤਰ ਨੰ ਏ.ਐਸ.ਪੀ.ਡੀ.(ਮੀਡੀਆ)/ਐਸ.ਐਸ.ਏ./2013/000967, ਮਿਤੀ 17.01.2013**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਦਿਆਂ ਸਕੂਲ ਵੱਲੋਂ ਆਪਣੇ ਪੱਧਰ ਤੇ 31.12.2012 ਤੱਕ ਇੱਕ ਮੈਗਜ਼ੀਨ ਕੱਢਣ ਸਬੰਧੀ ਲਿਖਿਆ ਗਿਆ ਸੀ। ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦਿਆਂ ਇਹ ਮੈਗਜ਼ੀਨ ਪ੍ਰਕਾਸ਼ਿਤ ਕਰਵਾਕੇ ਬੱਚਿਆਂ ਦੇ ਹੱਥਾਂ ਵਿੱਚ ਦਿੱਤੇ ਗਏ ਹਨ ਅਤੇ ਇਸ ਦੀ ਇੱਕ ਕਾਪੀ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਵੀ ਭੇਜੀ ਗਈ ਹੈ। ਜਿਸ ਤੋਂ ਇਨ੍ਹਾਂ ਸਕੂਲ ਮੁਖੀਆਂ ਦੁਆਰਾ ਕੀਤੀ ਗਈ ਮਿਹਨਤ ਅਤੇ ਸਿੱਖਿਆ ਸਰੋਕਾਰਾਂ ਪ੍ਰਤੀ ਸੁਹਿਰਦਤਾ ਦਾ ਪਤਾ ਲਗਦਾ ਹੈ। ਪਰ ਅਜੇ ਵੀ ਕੁਝ ਕੁ ਸਕੂਲਾਂ ਵੱਲੋਂ ਆਪਣਾ ਮੈਗਜ਼ੀਨ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਹੈ। ਇਸ ਸਬੰਧੀ ਇਨ੍ਹਾਂ ਸਕੂਲ ਮੁੱਖੀਆਂ ਨੂੰ 15 ਮਾਰਚ 2013 ਤੱਕ ਦਾ ਸਮਾਂ ਦਿੰਦਿਆਂ ਸਕੂਲ ਦਾ ਆਪਣਾ ਮੈਗਜ਼ੀਨ ਕੱਢਣ ਅਤੇ ਇਸ ਦੀ ਕਾਪੀ ਮੁਖ ਦਫ਼ਤਰ ਵਿਖੇ ਭੇਜਣ ਦੀ ਹਦਾਇਤ ਕੀਤੀ ਜਾਂਦੀ ਹੈ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਾਰ (ਸੈ.ਸਿ.) ਨੂੰ ਇਹ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦਾ ਸਕੂਲਾਂ ਵਿੱਚ ਛਪੇ ਮੈਗਜ਼ੀਨ ਦੀ ਇਕ ਸੂਚੀ ਤਿਆਰ ਕੀਤੀ ਜਾਵੇ।

4.0 ਸਮੂਹ ਨਿਰੀਖਣ ਟੀਮਾਂ ਨੂੰ ਲਿਖਿਆ ਜਾਦਾ ਹੈ ਕਿ ਸਕੂਲ ਨਿਰੀਖਣ ਸਮੇਂ ਸਕੂਲ ਵੱਲੋਂ ਕੱਢੇ ਗਏ ਮੈਗਜ਼ੀਨ ਬਾਰੇ ਸਕੂਲ ਮੁੱਖੀ ਨਾਲ ਜ਼ਰੂਰ ਗੱਲਬਾਤ ਕੀਤੀ ਜਾਵੇ ਅਤੇ ਮੈਗਜੀਨ ਪ੍ਰਕਾਸ਼ਿਤ ਨਾ ਕਰਨ ਵਾਲੇ ਸਕੂਲਾਂ ਬਾਰੇ ਆਪਣੀ ਨਿਰੀਖਣ ਰਿਪੋਰਟ ਵਿੱਚ ਲਿਖਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿਠਅੰਕਣ ਨੰ: ਉਕਤ/ ਮਿਤੀ:

ਉਤਾਰਾ:

(1) ਸਮੂਹ ਮੰਡਲ ਸਿੱਖਿਆ ਅਫ਼ਸਰ
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
(3) ਸਮੂਹ ਇੰਚਾਰਜ ਮੰਡਲ ਨਿਰੀਖਣ ਟੀਮ / ਜ਼ਿਲ੍ਹਾ ਨਿਰੀਖਣ ਟੀਮ
(4) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**